2025/40848


# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)

ਸਮੂਹ ਸਕੂਲ ਮੁਖੀ(ਸਰਕਾਰੀ/ਸਰਕਾਰੀ ਏਡਿਡ/ਪ੍ਰਾਇਵੇਟ)

ਮੀਮੋ ਨੰ: e- 984083 / SCERT/Academics/2025/ 286058- 286059

ਮਿਤੀ : 26.09.2025

ਵਿਸ਼ਾ:- ਮਾਣਯੋਗ ਸੁਪਰੀਮ ਕੋਰਟ ਆਫ ਇੰਡੀਆ ਅਤੇ ਮਾਣਯੋਗ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਹੁਕਮਾਂ ਦੀ ਪਾਲਣਾ ਵਿੱਚ ਪੰਜਾਬ ਰਾਜ ਵਿੱਚ ਪਟਾਕਿਆਂ ਦੀ ਵਿਕਰੀ ਅਤੇ ਵਰਤੋਂ ਅਤੇ ਖਰੀਦ ਦੇ ਨਿਯਮ ਸੰਬਧੀ।

ਹਵਾਲਾ ਪੱਤਰ ਨੰ: ਭਾਰਤ ਸਰਕਾਰ, Deptt. of Science Technology and Environment, Chandigarh, 10/587/2024-STE2/620 , ਮਿਤੀ 18.09.2025

1.0 ਉਪਰੋਕਤ ਵਿਸ਼ੇ ਅਤੇ ਹਵਾਲਾ ਪੱਤਰ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਭਾਰਤ ਸਰਕਾਰ, Deptt. of Science Technology and Environment, Chandigarh ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਆਉਣ ਵਾਲੇ ਤਿਉਹਾਰ ਜਿਵੇਂ ਕਿ ਦੀਵਾਲੀ, ਕ੍ਰਿਸਮਸ, ਗੁਰੂਪੁਰਬ ਅਤੇ ਨਵੇਂ ਸਾਲ ਵਿੱਚ ਲੋਕਾਂ ਵੱਲੋਂ ਉਕਤ ਤਿਉਹਾਰਾਂ ਤੇ ਆਮ ਤੌਰ ਤੇ ਪਟਾਕੇ ਚਲਾਏ ਜਾਂਦੇ ਹਨ, ਇਹ ਪਟਾਕੇ ਚਲਾਉਣ ਨਾਲ ਹਵਾ ਵਿੱਚ ਸਲਫਰ ਡਾਈਆਕਸਾਈਡ, ਨਾਈਟ੍ਰੋਜਨ ਆਕਸਾਈਡ ਅਤੇ ਕਾਰਬਨ ਮੋਨੋਆਕਸਾਈਡ ਵਰਗੇ ਜ਼ਹਿਰੀਲੇ ਰਸਾਇਣ ਨਿਕਲਦੇ ਹਨ, ਜੋ ਪ੍ਰਦੂਸ਼ਣ ਦੇ ਪੱਧਰ ਨੂੰ ਤੇਜ਼ੀ ਨਾਲ ਵਧਾਉਂਦੇ ਹਨ ਅਤੇ ਸਾਹ ਸੰਬੰਧੀ ਸਮੱਸਿਆਵਾਂ ਦਾ ਕਾਰਨ ਬਣਦੇ ਹਨ, ਖਾਸ ਕਰਕੇ ਬੱਚਿਆਂ, ਬਜ਼ੁਰਗਾਂ ਦੀ ਸਿਹਤ ਤੇ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਇਸ ਨਾਲ ਦਮਾ ਦੇ ਦੌਰੇ,ਅਤੇ ਇੱਥੋਂ ਤੱਕ ਕਿ ਲੰਬੇ ਸਮੇਂ ਲਈ ਫੇਫੜਿਆਂ ਦੀਆਂ ਬਿਮਾਰੀਆਂ ਦਾ ਕਾਰਨ ਵੀ ਬਣ ਕੇ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ।

3.0 ਉਕਤ ਤੋਂ ਇਲਾਵਾ , ਭਾਰਤ ਸਰਕਾਰ ਵੱਲੋਂ ਪੱਤਰ (ਨੰ: 10/587/2024-STE2/620 , ਮਿਤੀ 18.09.2025) ਅਨੁਸਾਰ ਤਿਉਹਾਰਾਂ ਵਾਲੇ ਦਿਨ ਕੇਵਲ ਹਰੇ ਪਟਾਕਿਆਂ (green

Scanned with ACE Scanner

crackers) ਨੂੰ ਚਲਾਉਣ ਲਈ ਸਿੱਖਿਆਂ ਗਿਆ ਮਿਤੀ ਅਤੇ ਸਮਾਂ ਹੇਠ ਲਿਖੇ ਅਨੁਸਾਰ ਹੈ ਜੀ:-

| ਤਿਉਹਾਰ | ਮਿਤੀ | ਦਿਨ | ਪਟਾਕੇ ਚਲਾਉਣ ਦਾ ਸਮਾਂ |
|---|---|---|---|
| ਦੀਵਾਲੀ | 20 ਅਕਤੂਬਰ 2025 | ਸੋਮਵਾਰ | From 8.00 pm to 10.00 pm |
| ਗੁਰੂਪੁਰਬ | 05 ਨਵੰਬਰ 2025 | ਬੁੱਧਵਾਰ | From 4.00 am to 5.00 am and from 9.00 pm to 10.00 pm |
| ਕ੍ਰਿਸ਼ਮਿਸ ਸ਼ਾਮ | 25-26 ਦਸੰਬਰ 2025 | ਵੀਰਵਾਰ | From 11.55 pm till 12.30 pm |
| ਨਵੇਂ ਸਾਲ ਸ਼ਾਮ | 31 ਦਸੰਬਰ 2025 -01 ਜਨਵਰੀ 2026 | ਬੁੱਧਵਾਰ ਅਤੇ ਵੀਰਵਾਰ | From 11.55 pm to 12.30 pm |
| ਸਿਰਫ਼ green crackers (ਉਹ ਪਟਾਖੇ ਜਿਸ ਵਿੱਚ barium salt or compounds of antimony, lithium, mercury, arsenic, lead or strontium chromate ਨਹੀਂ ਹਨ) ਦੀ ਵਰਤੋਂ ਕੀਤੀ ਜਾ ਸਕਦੀ ਹੈ। | | | |

5.0 ਉਕਤ ਹਵਾਲਾ ਪੱਤਰ ਰਾਹੀਂ ਪ੍ਰਾਪਤ ਨਿਰਦੇਸ਼ਾਂ ਮੁਤਾਬਿਕ ਆਪ ਜੀ ਨੂੰ ਹਦਾਇਤ ਦਿੱਤੀ ਜਾਂਦੀ ਹੈ ਕਿ ਆਪ ਵੱਲੋਂ ਪੰਜਾਬ ਰਾਜ ਅਧੀਨ ਆਉਂਦੇ ਸਮੂਹ ਸਰਕਾਰੀ ਸਕੂਲ, ਸਰਕਾਰੀ ਸਹਾਇਤਾ ਪ੍ਰਾਪਤ ਅਤੇ ਪ੍ਰਾਈਵੇਟ ਸਕੂਲ ਦੇ ਵਿਦਿਆਰਥੀਆਂ ਨੂੰ ਪਟਾਕੇ ਨਾਲ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਾਤਾਵਰਣ ਨੂੰ ਸੁਰੱਖਿਅਤ ਰੱਖਿਆ ਜਾ ਸਕੇ।

**ਕਿਰਨ ਸ਼ਰਮਾ, ਪੀ.ਸੀ.ਐਸ.**
**ਡਾਇਰੈਕਟਰ ਐਸ.ਸੀ.ਈ.ਆਰ.ਟੀ,**
**ਪੰਜਾਬ।**

**ਮੀਮੋ ਨੰ. e- 984083 / SCERT/Academics/2025/ਉਕਤ** **ਮਿਤੀ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਸਮੂਹ ਸਕੂਲ ਮੁਖੀ, ਪੰਜਾਬ।

Rajeev

**ਸਹਾਇਕ ਡਾਇਰੈਕਟਰ**
**ਐੱਸ.ਸੀ.ਈ.ਆਰ.ਟੀ.,ਪੰਜਾਬ।**

**ਦਫਤਰ ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 1940 ਮਿਤੀ 30-09-2025

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਪੱਤਰ ਅਨੁਸਾਰ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

30/09/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।
30/09/25

Scanned with ACE Scanner